بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْکَرِیْمِ وَعَلٰی عَبْدِهِ الْمَسِیْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਸਥਾ ਭਰਪੂਰ ਕੁੱਝ ਬਦਰੀ ਸਹਾਬੀਆਂ ਦੀ ਪਵਿੱਤਰ ਜੀਵਨੀ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 27 ਜਨਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅੱਜ ਸਹਾਬੀਆਂ ਬਾਰੇ ਬਿਆਨ ਕਰਾਂਗਾ।

ਪਹਿਲਾ ਜ਼ਿਕਰ ਹਜ਼ਰਤ ਅਬੂ ਲਬਾਬਾ ਬਿਨ ਅਬਦੁੱਲ ਮਨਜ਼ਰ ਰਜ਼ੀ ਅੱਲਾਹ ਅੰਨਹੋ ਦਾ ਹੈ। ਹਜ਼ਰਤ ਅਬੂ ਲਬਾਬਾ ਬਿਨ ਅਬਦੁੱਲ ਮਨਜ਼ਰ ਰਜ਼ੀ ਅੱਲਾਹ ਅੰਨਹੋ ਬਾਰੇ ਕੁੱਝ ਹੋਰ ਰਵਾਯਤਾਂ ਪ੍ਰਾਪਤ ਹੋਇਆ ਹਨ। ਅਲਾਮਾ ਬਿਨ ਅਬਦੁਲੱ ਬਰ ਆਪਣੀ ਕਿਤਾਬ'ਚ ਲਿੱਖਦੇ ਹਨ ਕਿ ਹਜ਼ਰਤ ਅਬੂ ਲਬਾਬਾ ਬਿਨ ਅਬਦੁੱਲ ਮਨਜ਼ਰ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਸੱਤਾਂ ਅੱਠਾਂ'ਚੋਂ ਸਨ। ਜੋ ਗ਼ਜ਼ਵਾ ਤਬੂਕ'ਚ ਪਿੱਛੇ ਰਹਿ ਗਏ ਸਨ। ਬਾਦ'ਚ ਉਨ੍ਹਾਂ ਨੇ ਰੱਬ ਦੇ ਹਜ਼ੂਰ ਮੁਆਫ਼ੀ ਮੰਗੀ ਅਤੇ ਆਪਣੇ ਆਪ ਨੂੰ ਬੰਨ੍ਹ ਲਿਆ। ਉਨ੍ਹਾ ਦਾ ਚੰਗਾ ਕਰਮ ਮੁਆਫ਼ੀ ਮੰਗਣਾ ਸੀ ਅਤੇ ਉਨ੍ਹਾਂ ਦਾ ਮੰਦਾ ਕਰਮ ਜਿਹਾਦ ਤੋਂ ਪਿੱਛੇ ਰਹਿਣਾ ਸੀ।

ਮਜਮਆ ਬਿਨ ਜਾਰਯਾ ਤੋਂ ਰਵਾਯਤ ਹੈ ਕਿ ਹਜ਼ਰਤ ਅਨੀਸ ਬਿਨ ਕਤਾਦਾ ਰਜ਼ੀ ਅੱਲਾਹ ਅੰਨਹੋ ਦੀ ਸ਼ਹਾਦਤ ਮਗਰੋਂ ਉਨ੍ਹਾ ਦੀ ਪਤਨੀ ਹਜ਼ਰਤ ਖ਼ਨਸਾ ਬਿਨਤੇ ਖ਼ੁਦਾਮ ਦੇ ਪਿਤਾ ਨੇ ਮਜ਼ੀਨਾ ਕਬੀਲੇ ਦੇ ਇੱਕ ਬੰਦੇ ਨਾਲ ਉਨ੍ਹਾਂ ਦੀ ਸ਼ਾਦੀ ਕਰ'ਤੀ। ਜੋ ਉਨ੍ਹਾਂ ਨੂੰ ਪਸੰਦ ਨਹੀਂ ਸੀ। ਜਿਸ'ਤੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਦਾ ਨਿਕਾਹ ਖ਼ਤਮ ਕਰਵਾ'ਤਾ। ਜਿਸ ਮਗਰੋਂ ਹਜ਼ਰਤ ਅਬੂ ਲਬਾਬਾ ਬਿਨ ਅਬਦੁੱਲ ਮਨਜ਼ਰ ਰਜ਼ੀ ਅੱਲਾਹ ਅੰਨਹੋ ਨੇ ਉਨ੍ਹਾਂ ਨਾਲ ਸ਼ਾਦੀ ਕੀਤੀ। ਜਿਨ੍ਹਾਂ ਤੋਂ ਹਜ਼ਰਤ ਸਾਇਬ ਬਿਨ ਲਬਾਬਾ ਰਜ਼ੀ ਅੱਲਾਹ ਅੰਨਹੋ ਪੈਦਾ ਹੋਏ। ਅਬਦੁੱਲਾਹ ਬਿਨ ਅਬੀ ਯਜ਼ੀਦ ਕਹਿੰਦੇ ਹਨ ਕਿ ਅਸੀਂ ਹਜ਼ਰਤ ਅਬੂ ਲਬਾਬਾ ਬਿਨ ਅਬਦੁੱਲ ਮਨਜ਼ਰ ਰਜ਼ੀ ਅੱਲਾਹ ਅੰਨਹੋ ਨਾਲ ਉਨ੍ਹਾਂ ਦੇ ਘਰ ਗਏ। ਤਾਂ ਉੱਥੇ ਇੱਕ ਬੰਦਾ ਪਾਟੇ ਪੁਰਾਣੇ ਕਪੜ੍ਹੀਆਂ'ਚ ਬਹਿਠਾ ਸੀ। ਜਿਸ ਨੇ ਕਿਹਾ ਕਿ ਮੈ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਤੋਂ ਸੁਣਿਆ ਹੈ ਕਿ ਜੋ ਕੁਰਆਨ ਸ਼ਰੀਫ਼ ਸੁਹਿਰਦ ਢੰਗ ਨਾਲ ਨਹੀਂ ਪੜ੍ਹਦਾ। ਉਹ ਸਾਡੇ'ਚੋਂ ਨਹੀਂ ਹੈ।

ਫ਼ਿਰ ਜ਼ਿਕਰ ਹੈ ਹਜ਼ਰਤ ਅਬੂਜ਼ੱਯਾਹ ਬਿਨ ਸਾਬਿਤ ਬਿਨ ਨੁਅਮਾਨ ਰਜ਼ੀ ਅੱਲਾਹ ਅੰਨਹੋ ਦਾ। ਇੱਕ ਰਵਾਯਤ ਅਨੁਸਾਰ ਉਨ੍ਹਾ ਨੂੰ ਗ਼ਜ਼ਵਾਹ ਬਦਰ'ਚ ਗਿੱਟੇ'ਤੇ ਜ਼ਖ਼ਮ ਲੱਗਣ ਮਗਰੋਂ ਵਾਪਸ ਜਾਣਾ ਪਿਆ। ਜਿਸ'ਤੇ ਰਸੂਲੁੱਲਾਹ ਸੱਲੱਲਾਹੋ ਅਲੈਹਿ ਵਸਲੱਮ ਨੇ ਉਨ੍ਹਾ ਦਾ ਹਿੱਸਾ ਰਖਿੱਆ।

ਫ਼ਿਰ ਹਜ਼ਰਤ ਅਨਸਾ ਰਜ਼ੀ ਅੱਲਾਹ ਅੰਨਹੋ ਮੌਲਾ ਰਸੂਲੁੱਲਾਹ ਸੱਲੱਲਾਹੋ ਅਲੈਹਿ ਵਸਲੱਮ ਦਾ ਜ਼ਿਕਰ ਹੈ ਇਮਾਮ ਜ਼ੌਹਰੀ ਬਿਆਨ ਕਰਦੇ ਹਨ ਕਿ ਰਸੂਲੁੱਲਾਹ ਸੱਲੱਲਾਹੋ ਅਲੈਹਿ ਵਸਲੱਮ ਜ਼ੌਹਰ ਮਗਰੋਂ ਮਿਲਣ ਵਾਲੀਆਂ ਨੂੰ ਮੁਲਾਕਾਤ

ਦੀ ਆਗਿਆ ਦਿੰਦੇ ਸਨ ਅਤੇ ਇਹ ਆਗਿਆ ਆਪ ਸਲੱਲਾਹੋ ਅਲੈਹਿ ਵਸਲੱਮ ਤੋਂ ਹਜ਼ਰਤ ਅਨਸਾ ਰਜ਼ੀ ਅੱਲਾਹ ਲਿਆ ਕਰਦੇ ਸਨ।

ਫ਼ਿਰ ਜ਼ਿਕਰ ਹੈ ਹਜ਼ਰਤ ਮਰਸਦ ਬਿਨ ਅਬੀ ਮਰਸਦ ਰਜ਼ੀ ਅੱਲਾਹ ਅੰਨਹੋ ਦਾ । ਇਮਰਾਨ ਬਿਨ ਮੱਨਾਹ ਕਹਿੰਦੇ ਹਨ ਕਿ ਜਦੋਂ ਅਬੂ ਮਰਸਦ ਰਜ਼ੀ ਅੱਲਾਹ ਅੰਨਹੋ ਅਤੇ ਉਨ੍ਹਾਂ ਦੇ ਬੇਟੇ ਮਰਸਦ ਬਿਨ ਮਰਸਦ ਰਜ਼ੀ ਅੱਲਾਹ ਅੰਨਹੋ ਨੇ ਮਦੀਨਾ ਵੱਲ੍ਹ ਹਿਜਰਤ ਕੀਤੀ। ਤਾਂ ਆਪ ਦੋਵੇਂ ਹਜ਼ਰਤ ਕਲਸੂਮ ਬਿਨ ਹਦਮ ਰਜ਼ੀ ਅੱਲਾਹ ਅੰਨਹੋ ਵੱਲ੍ਹ ਉਤਰੇ। ਮੁਹੰਮਦ ਬਿਨ ਉਮਰ ਕਹਿੰਦੇ ਹਨ ਕਿ ਆਪ ਰਜ਼ੀ ਅੱਲਾਹ ਅੰਨਹੋ ਗ਼ਜ਼ਵਾਹ ਓਹਦ'ਚ ਵੀ ਸ਼ਾਮਿਲ ਹੋਏ। ਹਜ਼ਰਤ ਅਬੂ ਮਰਸਦ ਕੱਨਾਜ਼ ਰਜ਼ੀ ਅੱਲਾਹ ਅੰਨਹੋ, ਹਜ਼ਰਤ ਅਬੂ ਹਮਜ਼ਾ ਰਜ਼ੀ ਅੱਲਾਹ ਅੰਨਹੋ ਦੇ ਸਮਾਨ ਉਮਰ ਅਤੇ ਦੋਸਤ ਸਨ। ਹਜ਼ਰਤ ਅਬੂ ਮਰਸਦ ਰਜ਼ੀ ਅੱਲਾਹ ਅੰਨਹੋ ਅਤੇ ਉਨ੍ਹਾ ਦੇ ਬੇਟੇ ਹਜ਼ਰਤ ਮਰਸਦ ਰਜ਼ੀ ਅੱਲਾਹ ਦੋਵਾਂ ਨੂੰ ਗ਼ਜ਼ਵਾਹ ਬਦਰ'ਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ।

ਫ਼ਿਰ ਜ਼ਿਕਰ ਹੈ ਹਜ਼ਰਤ ਅਬੂ ਮਰਸਦ ਕੱਨਾਜ਼ ਬਿਨ ਅਲਹਸੀਨ ਅਲਗ਼ਨਵੀ ਰਜ਼ੀ ਅੱਲਾਹ ਅੰਨਹੋ ਦਾ, ਰਬੀ ਉਲੱ ਅਵੱਲ 2 ਹਿਜਰੀ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਤੀਹ ਸ਼ੁਤਰ ਸਵਾਰ ਮੁਹਾਜਿਰਾਂ ਦਾ ਇੱਕ ਦਸਤਾ ਆਪਣੇ ਚਾਚਾ ਹਜ਼ਰਤ ਹਮਜ਼ਾ ਬਿਨ ਅਬਦੁਲੱ ਮੁਤਲਿਬ ਦੀ ਅਗਵਾਈ'ਚ ਮਦੀਨਾ ਤੋਂ ਪੂਰਬ ਵੱਲ੍ਹ ਸੈਫ਼ ਉੱਲ ਬਹਿਰ ਵੱਲ੍ਹ ਭੇਜਿਆ। ਜਿੱਥੇ ਅਬੂ ਜਹਲ ਅਤੇ ਉਸ ਦੇ ਤਿੰਨ ਸੋ ਸਵਾਰਾਂ ਦੇ ਲਸ਼ਕਰ ਨਾਲ ਸਾਮ੍ਹਣਾ ਹੋਇਆ। ਦੋਵੇਂ ਫ਼ੌਜਾਂ ਲੜ੍ਹਇਆ ਇੱਥੇ ਤਕੱ ਕਿ ਉਸ ਇਲਾਕੇ ਦੇ ਰਈਸ ਨੇ ਦੋਵਾਂ ਵਿਚਕਾਰ ਸੁਲਾਹ ਕਰਵਾ'ਤੀ ਅਤੇ ਲੜ੍ਹਾਈ ਰੁੱਕ ਗਈ। ਇਸ ਮੁਹਿਮ ਦਾ ਨਾਂ ਸਰੱਯਾ ਹਮਜ਼ਾ ਬਿਨ ਅਬਦੁਲੱ ਮੁਤਲਿਬ ਸੀ।

ਫ਼ਿਰ ਜ਼ਿਕਰ ਹੈ ਹਜ਼ਰਤ ਸਲੀਤ ਬਿਨ ਕੈਸ ਬਿਨ ਉਮਰ ਰਜ਼ੀ ਅੱਲਾਹ ਅੰਨਹੋ ਦਾ । ਹਜ਼ਰਤ ਸਲੀਤ ਬਿਨ ਉਮਰ ਰਜ਼ੀ ਅੱਲਾਹ ਅੰਨਹੋ ਦਾ ਸੰਬੰਧ ਅਨਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ ਬਨੂ ਅਦੀ ਬਿਨ ਨੱਜਾਰ ਤੋਂ ਸੀ। ਫ਼ਤਹਿ ਮੱਕਾ'ਤੇ ਅਤੇ ਗ਼ਜ਼ਵਾ ਹੁਨੈਨ'ਤੇ ਅਨਸਾਰ ਦੇ ਕਬੀਲਾ ਬਨੂ ਮਾਜ਼ਨ ਦਾ ਝੰਡਾ ਹਜ਼ਰਤ ਸਲੀਤ ਬਿਨ ਕੈਸ ਰਜ਼ੀ ਅੱਲਾਹ ਅੰਨਹੋ ਕੋਲ੍ਹ ਸੀ। 13 ਹਿਜਰੀ ਅਤੇ ਕੁੱਝ ਦੇ ਨਜ਼ਦੀਕ 14 ਹਿਜਰੀ ਦੇ ਆਰੰਭ'ਚ ਹਜ਼ਰਤ ਉਮਰ ਰਜ਼ੀ ਅੱਲਾਹ ਦੇ ਦੌਰੇ ਖ਼ਿਲਾਫ਼ਤ'ਚ ਮੁਸਲਮਾਨਾਂ ਅਤੇ ਫ਼ਾਰਸੀਆਂ ਦੇ ਵਿਚਕਾਰ ਜੰਗੇ ਜਸਰ ਦੀ ਘਟਨਾ ਪੈਸ਼ ਆਈ। ਇਸ ਜੰਗ'ਚ ਦੋ ਹਜ਼ਾਰ ਈਰਾਨੀ ਕਤਲ ਹੋਏ। ਜੱਦ ਕਿ ਕੁੱਝ ਰਵਾਯਤਾਂ ਅਨੁਸਾਰ ਛੇ ਹਜ਼ਾਰ ਈਰਾਨੀ ਮਾਰੇ ਗਏ। ਇੰਝ ਹੀ ਕੁੱਝ ਦੇ ਅਨੁਸਾਰ ਅਠ੍ਹਾਰਾ ਸੋ ਜਾਂ ਚਾਰ ਹਜ਼ਾਰ ਮੁਸਲਮਾਨ ਸ਼ਹੀਦ ਹੋਏ। ਇਨ੍ਹਾਂ ਸ਼ਹੀਦਾਂ'ਚ ਹਜ਼ਰਤ ਸਲੀਤ ਬਿਨ ਕੈਸ ਰਜ਼ੀ ਅੱਲਾਹ ਅੰਨਹੋ ਵੀ ਸ਼ਾਮਿਲ ਸਨ।

ਫ਼ਿਰ ਜ਼ਿਕਰ ਹੈ ਹਜ਼ਰਤ ਮਜਜ਼ਰ ਬਿਨ ਜ਼ੱਯਾਦ ਰਜ਼ੀ ਅੱਲਾਹ ਅੰਨਹੋ ਦਾ । ਹਜ਼ਰਤ ਮਜਜ਼ਰ ਬਿਨ ਜ਼ੱਯਾਦ ਰਜ਼ੀ ਅੱਲਾਹ ਨੇ ਇਸਲਾਮ ਤੋਂ ਪਹਿਲਾਂ ਸੁਐਦ ਬਿਨ ਸਾਮਿਤ ਨੂੰ ਕਤਲ ਕਰ'ਤਾ ਸੀ। ਬਾਦ'ਚ ਹਜ਼ਰਤ ਮਜਜ਼ਰ ਬਿਨ ਜ਼ੱਯਾਦ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਹਾਰਿਸ ਬਿਨ ਸੁਐਦ ਬਿਨ ਸਾਮਿਤ ਰਜ਼ੀ ਅੱਲਾਹ ਨੇ ਇਸਲਾਮ ਕਬੂਲ ਕਰ ਲਿਆ। ਪਰ ਹਜ਼ਰਤ ਹਾਰਿਸ ਬਿਨ ਸੁਐਦ ਰਜ਼ੀ ਅੱਲਾਹ ਅੰਨਹੋ ਆਪਣੇ ਪਿਤਾ ਦੇ ਕਤਲ ਦੇ ਬਦਲੇ ਦੀ ਤਲਾਸ਼'ਚ ਰਹੇ। ਗ਼ਜ਼ਵਾ ਓਹਦ'ਚ ਜਦੋਂ ਕੁਰੈਸ਼ ਨੇ ਮੁੜ੍ਹ ਕੇ ਮੁਸਲਮਾਨਾਂ'ਤੇ ਹਮਲਾ ਕੀਤਾ ਤਾਂ ਹਾਰਿਸ ਬਿਨ ਸੁਐਦ ਨੇ ਪਿੱਛੋਂ ਹਜ਼ਰਤ ਮਜਜ਼ਰ ਰਜ਼ੀ ਅੱਲਾਹ ਦੀ ਗਰਦਨ'ਤੇ ਹਮਲਾ ਕਰਕੇ ਉਨ੍ਹਾਂ ਨੂੰ ਸ਼ਹੀਦ ਕਰਤਾ। ਹਜ਼ਰਤ ਜਿਬਰਾਈਲ ਰਜ਼ੀ ਅੱਲਾਹ ਅੰਨਹੋ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਦੱਸਿਆ ਕਿ ਹਾਰਸ ਬਿਨ ਸੁਐਦ ਨੇ ਧੋਖੇ ਨਾਲ ਹਜ਼ਰਤ ਮਜਜ਼ਰ ਰਜ਼ੀ ਅੱਲਾਹ ਅੰਨਹੋ ਨੂੰ ਕਤਲ ਕਰ'ਤਾ ਹੈ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਆਦੇਸ਼ ਦਿੱਤਾ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਹਾਰਿਸ ਨੂੰ ਹਜ਼ਰਤ ਮਜਜ਼ਰ ਰਜ਼ੀ ਅੱਲਾਹ ਅੰਨਹੋ ਦੇ ਬਦਲੇ'ਚ ਕਤਲ ਕਰਨ। ਆਂਹਜ਼ਰਤ ਸਲੱਲਾਹੋ

ਅਲੈਹਿ ਵਸਲੱਮ ਦੇ ਆਦੇਸ਼'ਤੇ ਹਜ਼ਰਤ ਉਵੈਮ ਬਿਨ ਸਾਅਦਾ ਰਜ਼ੀ ਅੱਲਾਹ ਅੰਨਹੋ ਨੇ ਮਸਜਿਦ ਕਬਾ ਦੇ ਬੂਹੇ'ਤੇ ਹਾਰਸ ਬਿਨ ਸੂਐਦ ਨੂੰ ਕਤਲ ਕਰ'ਤਾ।

ਫ਼ਿਰ ਹਜ਼ਰਤ ਰਫ਼ਾਅ ਬਿਨ ਰਾਫ਼ੈ ਬਿਨ ਮਾਲਿਕ ਬਿਨ ਅੱਜਲਾਨ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਹਜ਼ਰਤ ਰਫ਼ਾਅ ਬਿਨ ਰਾਫ਼ੈ ਬਿਨ ਮਾਲਿਕ ਬਿਨ ਅੱਜਲਾਨ ਰਜ਼ੀ ਅੱਲਾਹ ਅੰਨਹੋ ਆਪਣੇ ਖ਼ਲੈਰੇ ਭਾਈ ਮੁਆਜ਼ ਬਿਨ ਅਫ਼ਰਾਹ ਰਜ਼ੀ ਅੱਲਾਹ ਅੰਨਹੋ ਨਾਲ ਮੱਕਾ ਪਹੁੰਚੇ ਅਤੇ ਪਹਾੜ੍ਹੀ ਤੋਂ ਉਤਰੇ ਤਾਂ ਇੱਕ ਬੰਦੇ ਨੂੰ ਵੇਖਿਆ। ਉਹ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਨ। ਅਸੀਂ ਉਨ੍ਹਾਂ ਨੂੰ ਨਹੀਂ ਪਛਾਣਿਆ ਅਤੇ ਉਨ੍ਹਾਂ ਨੂੰ ਪੁਛਿੱਆ ਕਿ ਨਬੁਵੱਤ ਦਾ ਦਾਅਵੇਦਾਰ ਕਿੱਥੇ ਹੈ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਹ ਮੈਂ ਹੀ ਹਾਂ। ਸਾਡੇ ਕਹਿਣ'ਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸਾਨੂੰ ਇਸਲਾਮ ਬਾਰੇ ਦੱਸਿਆ। ਹਜ਼ਰਤ ਰਫ਼ਾਆ ਰਜ਼ੀ ਅੱਲਾਹ ਅੰਨਹੋ ਬੇਅਤੁੱਲਾਹ ਦੇ ਤਵਾਫ਼ ਲਈ ਚਲ੍ਹੇ ਗਏ ਅਤੇ ਅਰਦਾਸ ਕੀਤੀ। ਜਿਸ ਮਗਰੋਂ ਆਪ ਨੇ ਕਲਮਾ ਪੜ੍ਹ ਲਿਆ ਅਤੇ ਇਸਲਾਮ ਕਬੂਲ ਕਰ ਲਿਆ।

ਹਜ਼ਰਤ ਰਫ਼ਾਅ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ ਕਿ ਇੱਕ ਦਿਨ ਅਸੀਂ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨਾਲ ਮਸਜਿਦ'ਚ ਬਹਿਠੇ ਸਨ ਕਿ ਇੱਕ ਪੈਂਡੂ ਬੰਦੇ ਨੇ ਨਮਾਜ਼ ਪੜ੍ਹ ਕੇ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਸਲਾਮ ਕੀਤਾ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸਲਾਮ ਦਾ ਜਵਾਦ ਦਿੱਤਾ ਅਤੇ ਫ਼ਰਮਾਇਆ ਕਿ ਨਮਾਜ਼ ਫ਼ਿਰ ਪੜ੍ਹੋ। ਉਸ ਨੇ ਨਮਾਜ਼ ਪੜ੍ਹੀ ਅਤੇ ਵਾਪਸ ਆ ਕੇ ਸਲਾਮ ਕੀਤਾ। ਆਪ ਸੱਲਲਾਹੋ ਅਲੈਹਿ ਵਸਲੱਮ ਨੇ ਉਸ ਨੂੰ ਮੁੜ੍ਹ ਨਮਾਜ਼ ਪੜ੍ਹਣ ਦਾ ਆਦੇਸ਼ ਦਿੱਤਾ। ਇੰਝ ਦੋ ਤਿੰਨ ਵਾਰ ਹੋਇਆ। ਅੰਤ ਉਸ ਨੇ ਕਿਹਾ ਕਿ ਮੈਨੂੰ ਨਮਾਜ਼ ਸਿਖਾ ਦਿਓ। ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਦੋਂ ਤੁਸੀਂ ਨਮਾਜ਼ ਦਾ ਇਰਾਦਾ ਕਰੋ। ਤਾਂ ਪਹਿਲਾਂ ਰੱਬ ਦੇ ਹੁਕਮ ਅਨੁਸਾਰ ਵਜ਼ੂ ਕਰੋ। ਫ਼ਿਰ ਕੁੱਝ ਕੁਰਆਨ ਯਾਦ ਹੋ ਤਾਂ ਉਹ ਪੜ੍ਹੋ। ਫ਼ਿਰ ਆਰਾਮ ਨਾਲ ਰਕੂਅ ਕਰੋ ਅਤੇ ਉਸ ਮਗਰੋਂ ਬਿਲਕੁਲੱ ਸਿੱਧੇ ਖੜ੍ਹੇ ਹੋ ਜਾਓ। ਫ਼ਿਰ ਚੰਗੀ ਤਰ੍ਹਾਂ ਸਿਜਦਾ ਕਰੋ। ਫ਼ਿਰ ਆਰਾਮ ਨਾਲ ਬਹਿਠੋ। ਫ਼ਿਰ ਸਜਦਾ ਕਰੋ ਅਤੇ ਫ਼ਿਰ ਸਿਰ ਚੁੱਕੋ। ਜੇਕਰ ਤੁਸੀਂ ਇੰਝ ਕਰ ਲਿਆ ਤਾਂ ਤੁਹਾਡੀ ਨਮਾਜ਼ ਸੰਪੂਰਨ ਹੋ ਗਈ ਅਤੇ ਜੇਕਰ ਤੁਸੀਂ ਇਸ'ਚ ਕੁੱਝ ਕਮੀ ਕੀਤੀ ਤਾਂ ਉਨ੍ਹੀਂ ਹੀ ਤੁਸੀਂ ਆਪਣੀ ਨਮਾਜ਼'ਚ ਕਮੀ ਕੀਤੀ।

ਫ਼ਿਰ ਜ਼ਿਕਰ ਹੈ ਹਜ਼ਰਤ ਅੱਸਯਦ ਬਿਨ ਮਾਲਿਕ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਦਾ। ਇਬਨੇ ਇਸਹਾਕ ਕਹਿੰਦੇ ਹਨ ਕਿ ਅਬੂ ਅੱਸਯਦ ਬਿਨ ਮਾਲਿਕ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਗ਼ਜ਼ਵਾਹ ਬਦਰ'ਚ ਸ਼ਰੀਕ ਸਨ। ਜਦੋਂ ਉਨ੍ਹਾਂ ਦੀ ਅੱਤਿਮ ਉਮਰ'ਚ ਨਜ਼ਰ ਚਲੀ ਗਈ ਤਾਂ ਉਨ੍ਹਾ ਨੇ ਕਿਹਾ ਕਿ ਜੇਕਰ ਅੱਜ ਮੈਂ ਬਦਰ ਦੇ ਸਥਾਨ'ਤੇ ਹੁੰਦਾ ਅਤੇ ਮੇਰੀ ਅੱਖਾ ਵੀ ਠੀਕ ਹੁੰਦੀਆਂ ਤਾਂ ਮੈਂ ਤੁਹਾਨੂੰ ਉਹ ਘਾਟੀ ਵਿਖਾਂਦਾ। ਜਿੱਥੋਂ ਫ਼ਰਿਸ਼ਤੇ ਨਿਕਲੇ ਸਨ। ਮੈਨੂੰ ਉਸ'ਚ ਕੁੱਝ ਵੀ ਸ਼ੱਕ ਤੇ ਸ਼ੰਕਾ ਨਹੀਂ ਹੋਵੇਗੀ। ਹਜ਼ਰਤ ਅਬੂ ਅੱਸਯਦ ਮਾਲਿਕ ਬਿਨ ਰਬੀਆ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ ਕਿ ਅਸੀਂ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਬਹਿਠੇ ਸਨ ਕਿ ਬਨੂ ਸਲਮਾ ਦਾ ਇੱਕ ਬੰਦਾ ਆਇਆ ਅਤੇ ਕਿਹਾ ਕਿ ਮਾਂ ਬਾਪ ਮਗਰੋਂ ਵੀ ਉਨ੍ਹਾਂ ਨਾਲ ਚੰਗੇ ਸਲੂਕ ਦੀ ਲੋੜ੍ਹ ਹੈ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ, ਹਾਂ! ਉਨ੍ਹਾਂ ਲਈ ਦੁਆ ਕਰਨਾ, ਅਸਤਗ਼ਫ਼ਾਰ ਕਰਨਾ, ਉਨ੍ਹਾਂ ਦੇ ਵਚਨਾਂ ਨੂੰ ਪੂਰਾ ਕਰਨਾ, ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਚੰਗਾ ਵਤੀਰਾ ਕਰਨਾ, ਉਨ੍ਹਾਂ ਦੇ ਦੋਸਤਾਂ ਦਾ ਸਤਿਕਾਰ ਕਰਨਾ। ਇੰਝ ਉਨ੍ਹਾਂ ਨੂੰ ਵੀ ਸਵਾਬ ਮਿਲੇਗਾ ਅਤੇ ਉਨ੍ਹਾਂ ਦੀ ਬਖ਼ਸ਼ਿਸ਼ ਦਾ ਸਮਾਨ ਹੁੰਦਾ ਰਹੇਗਾ।

ਉਸਮਾਨ ਬਿਨ ਅਰਕਮ ਰਜ਼ੀ ਅੱਲਾਹ ਅੰਨਹੋ ਆਪਣੇ ਪਿਤਾ ਤੋਂ ਰਵਾਯਤ ਕਰਦੇ ਹਨ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਬਦਰ ਦੇ ਦਿਨ ਫ਼ਰਮਾਇਆ ਕਿ ਤੁਹਾਡੇ ਕੋਲ੍ਹ ਜੋ ਮਾਲੇ ਗ਼ਨੀਮਤ ਹੈ। ਉਸ ਨੂੰ ਛਡੱ ਦਿਓ। ਤਾਂ ਹਜ਼ਰਤ ਅਬੂ ਅੱਸਯਦ ਅੱਸਾਅਦੀ ਨੇ ਆਇਜ਼-ਉਨੱਮਜ਼ਬਾਨ ਦੀ ਤਲਵਾਰ ਰੱਖ'ਤੀ ਅਤੇ ਹਜ਼ਰਤ ਅਰਕਮ ਰਜ਼ੀ ਅੱਲਾਹ

ਅੰਨਹੋ ਨੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਤੋਂ ਉਹ ਤਲਵਾਰ ਮੰਗ ਲਈ। ਜਿਸ'ਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਹ ਤਲਵਾਰ ਉਨ੍ਹਾਂ ਨੂੰ ਭੇਂਟ ਕਰ'ਤੀ।

ਹਜ਼ਰਤ ਅਬਦੁੱਲਾਹ ਬਿਨ ਅਬਦੁਲ ਅਸਦ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਆਪ ਰਜ਼ੀ ਅੱਲਾਹ ਅੰਨਹੋ ਨੂੰ ਇੱਕ ਝੰਡਾ ਦੇ ਕੇ ਬਨੂ ਅਸਦ ਵੱਲ੍ਹ ਡੇਢ ਸੌ ਮੁਹਾਜਿਰਾਂ ਅਤੇ ਅਨਸਾਰ ਦੀ ਅਗਵਾਈ ਹੇਠ ਭੇਜਿਆ। ਆਪ ਰਜ਼ੀ ਅੱਲਾਹ ਅੰਨਹੋ ਗ਼ਜ਼ਵਾਹ ਓਹਦ ਅਤੇ ਬਦਰ'ਚ ਸ਼ਾਮਿਲ ਹੋਏ। ਆਪ ਰਜ਼ੀ ਅੱਲਾਹ ਅੰਨਹੋ ਗ਼ਜ਼ਵਾਹ ਓਹਦ'ਚ ਬਾਂਹ'ਤੇ ਇੱਕ ਜ਼ਖ਼ਮ ਲੱਗਣ ਕਰਕੇ 03 ਜਮਾਦੀ ਅਲੱ ਆਖ਼ਿਰ 4 ਹਿਜਰੀ ਨੂੰ ਆਕਾਲ ਚਲਾਣਾ ਕੀਤਾ।

ਫ਼ਿਰ ਜ਼ਿਕਰ ਹੈ ਹਜ਼ਰਤ ਖ਼ੱਲਾਦ ਬਿਨ ਰਾਫ਼ੈ ਅੱਜ਼ਰਕੀ ਰਜ਼ੀ ਅੱਲਾਹ ਅੰਨਹੋ ਦਾ। ਹਜ਼ਰਤ ਖ਼ਲਾਦ ਬਿਨ ਰਾਫ਼ੈ ਦਾ ਸੰਬੰਧ ਅਨਸਾਰ ਦੇ ਕਬੀਲਾ ਬਨੂ ਖ਼ਜ਼ਰਜ ਦੀ ਸ਼ਾਖ਼ ਅਜਲਾਨ ਨਾਲ ਸੀ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਜਿਸ ਬੰਦੇ ਨੂੰ ਦੋ ਤਿੰਨ ਵਾਰ ਨਮਾਜ਼ ਪੜ੍ਹਣ ਦਾ ਆਦੇਸ਼ ਦਿੱਤਾ ਸੀ ਅਤੇ ਫ਼ਿਰ ਉਸ ਦੇ ਕਹਿਣ'ਤੇ ਉਸ ਨੂੰ ਨਮਾਜ਼ ਦਾ ਤਰੀਕ ਦੱਸਿਆ ਸੀ। ਉਹ ਹਜ਼ਰਤ ਖ਼ਲਾਦ ਬਿਨ ਰਾਫ਼ੈ ਰਜ਼ੀ ਅੱਲਾਹ ਅੰਨਹੋ ਹੀ ਸਨ।

ਫ਼ਿਰ ਹਜ਼ਰਤ ਅੱਬਾਦ ਬਿਨ ਬਸ਼ਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਹੈ। ਗ਼ਜ਼ਵਾਹ ਖ਼ਨਦਕ ਦੇ ਮੌਕੇ'ਤੇ ਉਨ੍ਹਾਂ ਨੂੰ ਭਰਪੂਰ ਸੇਵਾ ਦਾ ਮੌਕਾ ਮਿਲਿਆ। ਹਜ਼ਰਤ ਅੱਬਾਦ ਬਿਨ ਬਿਸ਼ਰ ਰਜ਼ੀ ਅੱਲਾਹ ਅੰਨਹੋ ਨੇ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਦੇ ਆਦੇਸ਼'ਤੇ ਇਸ ਮੌਕੇ'ਤੇ ਅਬੂ ਸੁਫ਼ਯਾਨ ਅਤੇ ਉਸ ਨਾਲ ਕੁੱਝ ਮੁਸ਼ਰਿਕਾਂ ਦਾ ਸਾਮ੍ਹਣਾ ਕੀਤਾ ਅਤੇ ਉਨ੍ਹਾਂ ਨੂੰ ਮੁੜ੍ਹਣ ਲਈ ਮਜਬੂਰ ਕਰ'ਤਾ। ਇਸ ਮੌਕੇ'ਤੇ ਹਜ਼ਰਤ ਅੱਬਾਦ ਬਿਨ ਬਿਸ਼ਰ ਰਜ਼ੀ ਅੱਲਾਹ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਤੰਬੂ ਦੀ ਰਾਖੀ ਕਰਨ ਦਾ ਵੀ ਮੌਕਾ ਮਿਲਿਆ।

ਹਜ਼ਰਤ ਉੱਮੇ ਸਲਮਾ ਰਜ਼ੀ ਅੱਲਾਹ ਅੰਨਹਾ ਬਿਆਨ ਕਰਦੀਆਂ ਹਨ ਕਿ ਰੱਬ ਅੱਬਾਦ ਬਿਨ ਬਿਸ਼ਰ ਰਜ਼ੀ ਅੱਲਾਹ ਅੰਨਹੋ'ਤੇ ਰਹਿਮ ਕਰੇ। ਉਹ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਸਹਾਬੀਆਂ'ਚੋਂ ਸਭ ਤੋਂ ਵੱਧ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਤੰਬੂ ਨਾਲ ਚਿਮਟੇ ਰਹਿੰਦੇ ਅਤੇ ਸਦਾ ਉਸ ਦੀ ਰਾਖੀ ਕਰਦੇ।

ਫ਼ਿਰ ਜ਼ਿਕਰ ਹੈ ਹਜ਼ਰਤ ਹਾਤਿਬ ਬਿਨ ਅਬੀ ਬਲਤਆ ਰਜ਼ੀ ਅੱਲਾਹ ਅੰਨਹੋ ਦਾ। ਉਨ੍ਹਾਂ ਦਾ ਆਕਾਲ ਚਲਾਣਾ 65 ਸਾਲ ਦੀ ਉਮਰ'ਚ ਤੀਹ ਹਿਜਰੀ'ਚ ਮਦੀਨਾ'ਚ ਹੋਇਆ ਅਤੇ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਨੇ ਉਨ੍ਹਾਂ ਦੀ ਨਮਾਜ਼ ਜਨਾਜ਼ਾ ਪੜ੍ਹਾਈ। ਯਾਕੂਬ ਬਿਨ ਅਤਬਾ ਤੋਂ ਰਵਾਯਤ ਹੈ ਕਿ ਤਾਲਿਬ ਬਿਨ ਅਬੀ ਬਲਤਆ ਰਜ਼ੀ ਅੱਲਾਹ ਅੰਨਹੋ ਨੇ ਆਪਣੇ ਆਕਾਲ ਚਲਾਣੇ ਦੇ ਦਿਨ ਚਾਰ ਹਜ਼ਾਰ ਦੀਨਾਰ ਅਤੇ ਦਿਰਹਮ ਛੱਡੇ ਸਨ। ਇੱਕ ਵਾਰ ਆਪ ਰਜ਼ੀ ਅੱਲਾਹ ਅੰਨਹੋ ਦਾ ਇੱਕ ਗ਼ੁਲਾਮ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਕੋਲ੍ਹ ਆਪ ਰਜ਼ੀ ਅੱਲਾਹ ਅੰਨਹੋ ਦੀ ਸ਼ਕਾਯਤ ਲੈ ਕੇ ਆਇਆ ਅਤੇ ਕਿਹਾ : ਹਾਤਿਬ ਜ਼ਰੂਰ ਨਰਕ'ਚ ਜਾਵੇਗਾ (ਨਾਉਜ਼ੱ ਬਿਲਾੱਹ)। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੂੰ ਝੂੱਠ ਬੋਲਿਆ। ਉਹ ਕਦੇ ਵੀ ਉਸ'ਚ ਦਾਖ਼ਲ ਨਹੀਂ ਹੋਵੇਗਾ। ਕਿਉਂਕਿ ਉਹ ਗ਼ਜ਼ਵਾਹ ਬਦਰ ਅਤੇ ਸੁਲਹਾ ਹਦੀਬੀਆ'ਚ ਸ਼ਾਮਿਲ ਹੋਏ ਸਨ।

ਹਜ਼ੂਰੇ ਅਨਵਰ ਨੇ ਅੰਤ'ਚ ਫ਼ਰਮਾਇਆ ਕਿ ਕੁੱਝ ਹੋਰ ਬਦਰੀ ਸਹਾਬੀਆਂ ਦਾ ਜ਼ਿਕਰ ਬਾਕੀ ਹੈ। ਜੋ ਇੰਸ਼ਾ ਅੱਲਾਹ ਬਾਦ'ਚ ਬਿਆਨ ਕਰਾਂਗਾ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔